**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇ-ਕਪਾਹ ਦੀ ਕਾਸ਼ਤ ਲਈ 18ਵੀਂ ਹਫ਼ਤਾਵਾਰੀ ਸਲਾਹ (19 ਸਿਤੰਬਰ ਤੋਂ 25 ਸਿਤੰਬਰ, 2023 ਤੱਕ)**

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|
| | | ਸਿਤੰਬਰ | | | | | ਸਿਤੰਬਰ | | | | |
| | | 15 | 16 | 17 | 18 | 19 | 21 | 22 | 23 | 24 | 25 |
|  | ਫ਼ਿਰੋਜ਼ਪੁਰ | | | | | | 12 | 0 | 4 | 7 | 10 |
| | ਫ਼ਰੀਦਕੋਟ | 0 | 0.5 | 0 | 14.5 | 0 | 11 | 0 | 3 | 6 | 8 |
| | ਮੁਕਤਸਰ | 0 | 0 | 2 | 0 | 2 | 25 | 0 | 3 | 6 | 8 |
| | ਬਠਿੰਡਾ | 0 | 4.2 | 0 | 0 | 0 | 27 | 0 | 0 | 5 | 7 |
| | ਸੰਗਰੂਰ | 0 | 0 | 0 | 8.2 | 0 | 34 | 4 | 0 | 3 | 8 |
| | ਲੁਧਿਆਣਾ | 0 | 2 | 0 | 12 | 0 | 30 | 3 | 0 | 4 | 7 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 to 2.4 ਮਿ. ਮੀ. | | 2.5 to 15.5 ਮਿ. ਮੀ. | | 15.6 to 64.4 ਮਿ. ਮੀ. | | 64.5 to 115.5 ਮਿ. ਮੀ. | | 115.6 to 204.4 | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 122 ਤੋਂ 135 ਦਿਨ ਦੀ ਹੋ ਗਈ ਹੈ ਅਤੇ ਟੀਂਡੇ ਬਣਨ ਲੱਗੇ ਹਨ । ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਜਾਰੀ ਹੈ। ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕ ਜ਼ਹਿਰਾਂ ਅਤੇ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਕੀਤੇ ਗਏ ਹਨ। ਖੇਤਾਂ ਵਿੱਚ ਨਦੀਨਾਂ ਦੀ ਭਰਮਾਰ ਹੈ। ਗੁਲਾਬੀ ਸੁੰਡੀ ਦਾ ਹਮਲਾ ਹਰੇ ਟੀਂਡਿਆਂ ਵਿੱਚ ਕੁਝ ਖੇਤਾਂ ਵਿੱਚ 0-35 % ਸੀ। ਕੁੱਝ ਖੇਤਾਂ ਵਿੱਚ ਟੀਂਡੇ ਗਲਣ ਦੀ ਬਿਮਾਰੀ ਦੇਖੀ ਗਈ ਹੈ ।

ਫ਼ਰੀਦਕੋਟ ਵਿਖੇ ਫ਼ਸਲ 132 ਤੋਂ 147 ਦਿਨਾਂ ਦੀ ਹੈ ਅਤੇ ਟੀਂਡੇ ਬਣਨ ਲੱਗੇ ਹਨ। ਸਮੇਂ ਸਿਰ ਬੀਜੀ ਫ਼ਸਲ ਦੀ ਚੁਗਾਈ ਸ਼ੁਰੂ ਹੋ ਗਈ ਹੈ। ਰਸ ਚੂਸਣ ਵਾਲੇ ਕੀੜਿਆਂ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕ ਜ਼ਹਿਰਾਂ ਦੇ 6-7 ਛਿੜਕਾਅ ਕੀਤੇ ਗਏ ਹਨ। ਫ਼ਸਲ ਦਾ ਝਾੜ ਅਤੇ ਗੁਣਵੱਤਾ ਨੂੰ ਵਧਾਉਣ ਲਈ ਵਧਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ ($KNO_3$) ਅਤੇ ਮੈਗਨੀਸ਼ੀਅਮ ਸਲਫੇਟ ($MgSO_4$) ਦੇ ਛਿੜਕਾਅ ਕੀਤੇ ਗਏ ਹਨ। ਕੁੱਝ ਥਾਵਾਂ ਤੇ ਚਿੱਟੀ ਮੱਖੀ ਆਰਥਿਕ ਪੱਧਰ ਦੇ ਨੇੜੇ ਦੇਖੀ ਗਈ ਹੈ ਅਤੇ ਗੁਲਾਬੀ ਸੁੰਡੀ ਦਾ ਹਮਲਾ ਬਹੁਤੀਆਂ ਥਾਵਾਂ ਤੇ ਆਰਥਿਕ ਪੱਧਰ ਤੋਂ ਉੱਪਰ 5-25 % ਤੱਕ ਦੇਖਿਆ ਗਿਆ। ਪੱਤਾ ਮਰੋੜ ਬਿਮਾਰੀ ਕੁਝ ਥਾਵਾਂ ਤੇ 1 ਅਤੇ 2 ਦਰਜੇ ਤੱਕ ਸੀ, ਅੰਦਰੂਨੀ ਟਿੰਡਾ ਗਲਣ ਅਤੇ ਪੱਤਿਆਂ ਦੇ ਧੱਬੇ ਕੁੱਝ ਥਾਵਾਂ ਤੇ ਦੇਖੇ ਗਏ ।

**ਸਲਾਹ :-**

ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਰਮੇ ਦੇ ਖੇਤਾਂ ਵਿੱਚ ਜਿੱਥੇ ਟੀਂਡੇ ਬਣਨ ਲੱਗੇ ਹਨ, ਉੱਥੇ ਹਫਤੇ ਦੇ ਵਕਫ਼ੇ ਤੇ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਛਿੜਕਾਅ ਪੂਰੇ ਕਰਨ । ਬੀ. ਟੀ. ਨਰਮੇ ਵਿੱਚ ਪੱਤਿਆਂ ਦੇ ਲਾਲ ਹੋਣ ਤੋਂ ਰੋਕਣ ਅਤੇ ਵਧੇਰੇ ਝਾੜ ਲੈਣ ਲਈ 5 ਦਿਨਾਂ ਦੇ ਵਕਫ਼ੇ ਤੇ 2 ਛਿੜਕਾਅ 1 % ਮੈਗਨੀਸ਼ੀਅਮ ਸਲਫੇਟ ਦੇ ਕਰੋ । ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ । ਜੇ ਚਿੱਟੀ ਮੱਖੀ ਦੇ ਬੱਚੇ ਵਧੇਰੇ ਹਨ, ਤਾਂ ਪਾਈਰੀਪਰੋਕਸੀਫੇਨ 10 ਈਸੀ @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ । ਜੇ ਹਰਾ ਤੇਲਾ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਥਿਆਮੇਥੋਕਸਮ 25 ਡਬਲਯੂ ਜੀ @ 40 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ। ਜੇ ਖੇਤ ਵਿੱਚ ਭੰਬੀਰੀ ਵਰਗੇ ਫੁੱਲ ਹਨ

ਤਾਂ ਉਹਨਾਂ ਨੂੰ ਤੋੜ ਕੇ ਨਸ਼ਟ ਕਰ ਦਿਓ। ਖੇਤ ਵਿੱਚ ਫੁੱਲਾਂ ਦੀ ਨਿਗਰਾਨੀ ਕਰੋ ਅਤੇ ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ (5-10 ਫੁੱਲਾਂ ਜਾਂ ਹਰੇ ਟੀਂਡਿਆਂ ਵਿੱਚ) ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ ਸੀ @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ ਜੀ @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ ਸੀ / 15.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਛਿੜਕਾਅ ਕਰੋ। ਜਿੱਥੇ ਫਸਲ 120 ਦਿਨਾਂ ਤੋਂ ਵੱਧ ਉਮਰ ਦੀ ਹੈ, ਉੱਥੇ ਫੇਨਪ੍ਰੋਪੈਥਰੀਨ 10 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਜਾਂ ਸਾਈਪਰਮੇਥ੍ਰਿਨ 25 % ਈ ਸੀ @ 100 ਮਿਲੀਲੀਟਰ ਪ੍ਰਤੀ ਏਕੜ ਜਾਂ ਡੈਲਟਾਮੇਥਰੀਨ 2.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਜਾਂ ਫੈਨਵੈਲੇਰੇਟ 20 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਜਾਂ ਲੈਂਬਡਾ ਸਾਈਲੋਥਰਿਨ 5 % ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਟੀਂਡੇ ਗਲਣ ਅਤੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਕਾਰਬੇਂਡਾਜ਼ਿਮ 12 % + ਮੈਨਕੋਜ਼ੇਬ 63 % ਡਬਲਯੂ ਪੀ @ 0.3 % ਜਾਂ ਕ੍ਰੇਸੋਕਸਿਮ ਮਿਥਾਈਲ 44.3 ਐਸਸੀ @ 0.1 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.01 % ਜਾਂ ਮੇਟੀਰਾਮ 55 % + ਪਾਈਰਾਕਲੋਸਟ੍ਰੋਬਿਨ 5 % ਡਬਲਯੂ ਜੀ @ 0.2 % ਜਾਂ ਅਜ਼ੋਕਸੀਸਟ੍ਰੋਬਿਨ 18.2 % ਡਬਲਯੂ / ਡਬਲਯੂ + ਡਿਫੇਨੋਕੋਨਾਜ਼ੋਲ 11.4 % ਡਬਲਯੂ / ਡਬਲਯੂ ਐਸਸੀ @ 0.1 % ਜਾਂ ਫਲੈਕਸਪਾਈਰੋਕਸੈਡ 167 ਗ੍ਰਾਮ ਪ੍ਰਤੀ ਲਿਟਰ ਪਾਣੀ + ਪਾਈਰਾਕਲੋਸਟ੍ਰੋਬਿਨ 333 (ਗ੍ਰਾਮ ਪ੍ਰਤੀ ਲਿਟਰ ਪਾਣੀ) ਐਸ ਸੀ @ 0.6 % ਦਾ ਛਿੜਕਾਅ ਕਰੋ। ਅੰਦਰੂਨੀ ਟੀਂਡੇ ਗਲਣ ਦੀ ਰੋਕਥਾਮ ਅਤੇ ਹੋਰ ਫੈਲਣ ਤੋਂ ਰੋਕਣ ਲਈ ਕਾਰਬੇਂਡਾਜ਼ਿਮ 12 % + ਮੈਨਕੋਜ਼ੇਬ 63 % ਡਬਲਯੂ ਪੀ @ 0.3 % ਜਾਂ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.1 % ਪ੍ਰਤੀ ਏਕੜ ਦਾ ਛਿੜਕਾਅ ਕਰੋ । ਨਰਮੇ ਦੇ ਪੱਤਾ ਮਰੋੜ ਬਿਮਾਰੀ ਦੇ ਹੋਰ ਫੈਲਣ ਤੋਂ ਰੋਕਣ ਲਈ ਸਿਫਾਰਸ਼ ਕੀਤੀਆਂ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਫਸਲ ਨੂੰ ਚਿੱਟੀ ਮੱਖੀ ਤੋਂ ਬਚਾਓ।

ਫਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਚੌਥਾ ਛਿੜਕਾਅ 7 ਤੋਂ 10 ਦਿਨਾਂ ਦੇ ਵਕਫੇ ਤੇ ਕਰਨ ਤਾਂ ਜੋ ਟੀਂਡੇ ਬਣਨ ਵਿੱਚ ਸੁਧਾਰ ਹੋਵੇ ਅਤੇ ਫੁੱਲਾਂ ਦੀ ਗਿਰਾਵਟ ਨੂੰ ਘਟਾਇਆ ਜਾ ਸਕੇ । ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਪਿਛਲੇ ਸਾਲ ਨਰਮੇ ਦੇ ਪੱਤੇ ਲਾਲ ਹੋਏ ਸਨ ਉਹ ਪੂਰੀ ਤਰ੍ਹਾਂ ਫੁੱਲ -ਡੋਡੀ ਲਗਣ ਅਤੇ ਟੀਂਡੇ ਬਣਨ ਦੌਰਾਨ 15 ਦਿਨਾਂ ਦੇ ਵਕਫ਼ੇ ਤੇ 1 % ਮੈਗਨੀਸ਼ੀਅਮ ਸਲਫੇਟ ($MgSO_4$) ਦੇ 2 ਛਿੜਕਾਅ ਕਰੋ । ਦੋਵੇਂ ਰਸਾਇਣਾਂ (ਪੋਟਾਸ਼ੀਅਮ ਨਾਈਟ੍ਰੇਟ ਅਤੇ ਮੈਗਨੀਸ਼ੀਅਮ ਸਲਫੇਟ) ਨੂੰ ਮੌਸਮ ਅਤੇ ਮੀਂਹ ਦੇ ਅਧਾਰ ਤੇ ਬਦਲਵੇਂ ਹਫਤਿਆਂ ਵਿੱਚ ਛਿੜਕਾਅ ਕਰਨਾ ਚਾਹੀਦਾ ਹੈ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਅਫੀਡੋਪਾਈਰਓਪਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ / ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ / ਏਕੜ ਛਿੜਕਾਅ ਕਰੋ । ਜੇ ਚਿੱਟੀ ਮੱਖੀ ਦੇ ਬੱਚੇ ਵਧੇਰੇ ਹਨ, ਤਾਂ ਪਾਈਰੀਪਰੋਕਸੀਫੇਨ 10 ਈਸੀ @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ । ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਲਈ ਫੁੱਲ – ਡੋਡੀ ਦੀ ਜਾਂਚ ਕਰੋ । ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ ਸੀ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮੇਕਟਿਨ ਬੇਨਜ਼ੋਏਟ 5 ਐਸ ਜੀ @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ ਸੀ / 15.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ । ਟੀਂਡੇ ਗਲਣ ਅਤੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਕਾਰਬੇਂਡਾਜ਼ਿਮ 12 % + ਮੈਨਕੋਜ਼ੇਬ 63 % ਡਬਲਯੂ ਪੀ @ 0.3 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.1 % ਜਾਂ ਮੇਟੀਰਾਮ 55 % + ਪਾਈਰਾਕਲੋਸਟ੍ਰੋਬਿਨ 5 % ਡਬਲਯੂ ਜੀ @ 0.2 % ਜਾਂ ਅਜ਼ੋਕਸੀਸਟ੍ਰੋਬਿਨ 18.2 % ਡਬਲਯੂ / ਡਬਲਯੂ + ਡਿਫੇਨੋਕੋਨਾਜ਼ੋਲ 11.4 % ਡਬਲਯੂ / ਡਬਲਯੂ ਐਸਸੀ @ 0.1 % ਜਾਂ ਫਲੈਕਸਪਾਈਰੋਕਸੈਡ 167 ਗ੍ਰਾਮ ਪ੍ਰਤੀ ਲਿਟਰ ਪਾਣੀ + ਪਾਈਰਾਕਲੋਸਟ੍ਰੋਬਿਨ 333 (ਗ੍ਰਾਮ ਪ੍ਰਤੀ ਲਿਟਰ ਪਾਣੀ) ਐਸ ਸੀ @ 0.6 % ਦੇ ਛਿੜਕਾਅ ਕਰਨ ਦਾ ਸੁਝਾਅ ਦਿੱਤਾ ਗਿਆ ਹੈ । ਅੰਦਰੂਨੀ ਟੀਂਡੇ ਗਲਣ ਦੀ ਰੋਕਥਾਮ ਅਤੇ ਅਤੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਅਤੇ ਹੋਰ ਫੈਲਣ ਤੋਂ ਰੋਕਣ ਲਈ ਜਾਂ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਕਾਰਬੇਂਡਾਜ਼ਿਮ 12 % + ਮੈਨਕੋਜ਼ੇਬ 63 % ਡਬਲਯੂ ਪੀ @ 0.3 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.1 % ਪ੍ਰਤੀ ਏਕੜ ਦਾ ਛਿੜਕਾਅ ਕਰੋ । ਨਰਮੇ ਦੇ ਪੱਤਾ ਮਰੋੜ ਬਿਮਾਰੀ ਦੇ ਹੋਰ ਫੈਲਣ ਤੋਂ ਰੋਕਣ ਲਈ ਸਿਫਾਰਸ਼ ਕੀਤੀਆਂ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਫ਼ਸਲ ਨੂੰ ਚਿੱਟੀ ਮੱਖੀ ਤੋਂ ਬਚਾਓ। ਸਮੇਂ ਸਿਰ ਬੀਜੀ ਫ਼ਸਲ ਦੀ ਪਹਿਲੀ ਚੁਗਾਈ ਸ਼ੁਰੂ ਹੋ ਗਈ ਹੈ। ਨਰਮਾ –ਕਪਾਹ ਸਾਫ਼, ਸੁੱਕਾ ਅਤੇ ਤ੍ਰੇਲ ਸੁੱਕਣ ਤੋਂ ਬਾਅਦ ਚੁਣੋ ।

ਨਰਮਾ -ਕਪਾਹ ਦੀ ਫ਼ਸਲ ਪੈਦਾ ਕਰਨ ਦੀ ਉਤਪਾਦਨ ਤਕਨਾਲੋਜੀ ਬਾਰੇ ਪੂਰੀ ਜਾਣਕਾਰੀ, ਜਿਵੇਂ ਕਿ ਮਿੱਟੀ, ਕਿਸਮਾਂ ਦੀ ਚੋਣ, ਖਾਦ ਦੀ ਵਰਤੋਂ, ਬਿਜਾਈ ਦੇ ਤਰੀਕੇ, ਸਿੰਚਾਈ ਪ੍ਰਣਾਲੀਆਂ, ਨਦੀਨਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਆਦਿ ਦੀ ਰੋਕਥਾਮ ਆਈ ਸੀ ਏ ਆਰ-ਸੀ ਆਈ ਸੀ ਆਰ, ਨਾਗਪੁਰ ਦੁਆਰਾ ਵਿਕਸਿਤ ਕੀਤੀ ਐਂਡਰਾਇਡ ਅਧਾਰਤ ਸੀ ਆਈ ਸੀ ਆਰ ਕਪਾਹ ਐਪ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਐਪ ਨੂੰ ਗੂਗਲ ਪਲੇਅ ਸਟੋਰ ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਕਿਸਾਨਾਂ ਦੇ ਲਾਭ ਲਈ ਫ਼ਸਲ ਦੇ ਵਾਧੇ ਦੇ ਵਿਸ਼ੇਸ਼ ਪੜਾਅ ਅਤੇ ਮੌਸਮ ਦੇ ਹਿਸਾਬ ਨਾਲ ਹਫਤਾਵਾਰੀ ਸਲਾਹ ਆਈ ਸੀ ਏ ਆਰ-ਸੀ ਆਈ ਸੀ ਆਰ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਜਾਂਦੀ ਹੈ।